ਦਫਤਰ ਡਾਇਰੈਕਟਰ ਸਿੱਖਿਆ ਭਰਤੀ ਡਾਇਰੈਕਟੋਰੇਟ ਪੰਜਾਬ,
ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ, ਮਾਈਕਰੋਸਾਫਟ ਬਿਲਡਿੰਗ
ਫੇਸ-3.ਬੀ.1, ਐਸ.ਏ.ਐਸ. ਨਗਰ।
www.educationrecruitmentboard.com

ਨੰਬਰ:- 6/1-2020 ਭ.ਡ. (3)/2020278582 ਮਿਤੀ, ਐਸ.ਏ.ਐਸ. ਨਗਰ:- 05-11-2020

# ਪਬਲਿਕ ਨੋਟਿਸ

ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਵੱਲੋਂ 3704 ਮਾਸਟਰ ਕਾਡਰ ਅਤੇ 2364 ਈ.ਟੀ.ਟੀ. ਦੀਆਂ ਪੋਸਟਾਂ ਦੀ ਭਰਤੀ ਸਬੰਧੀ ਵਿਗਿਆਪਨ ਦਿੱਤੇ ਗਏ ਸਨ। ਅਪਲਾਈ ਕੀਤੇ ਗਏ ਡਾਟਾ ਵਿੱਚ ਸੋਧ ਕਰਨ ਲਈ ਉਮੀਦਵਾਰਾਂ ਨੂੰ ਮਿਤੀ 2-11-20 (ਦੁਪਹਿਰ 12 ਵਜੇ) ਤੋਂ ਮਿਤੀ 3-11-20 (ਦੁਪਹਿਰ 12 ਵਜੇ) ਤੱਕ ਦਾ ਸਮਾਂ ਦਿੱਤਾ ਗਿਆ ਸੀ। ਹੁਣ ਇਸ ਸਬੰਧੀ ਬਹੁਤ ਸਾਰੇ ਉਮੀਦਵਾਰਾਂ ਵੱਲੋਂ ਸਹੀ ਡਾਟਾ ਅਪਡੇਟ ਨਾ ਕੀਤੇ ਜਾਣ ਕਰਕੇ, ਬਹੁਤ ਸਾਰੀਆਂ ਪ੍ਰਤੀ ਬੇਨਤੀਆਂ ਪ੍ਰਾਪਤ ਹੋ ਰਹੀਆਂ ਹਨ। ਉਮੀਦਵਾਰਾਂ ਦੀ ਮੁਸ਼ਕਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਿੱਖਿਆ ਵਿਭਾਗ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਹੁਣ ਤੱਕ ਅਪਲਾਈ ਕਰ ਚੁੱਕੇ ਉਮੀਦਵਾਰਾਂ ਲਈ ਪੋਰਟਲ ਨੂੰ ਮੁੜ ਤੋਂ ਕੇਵਲ ਅਪਲਾਈ ਕੀਤੇ ਡਾਟਾ ਵਿੱਚ ਸੋਧ ਲਈ ਮਿਤੀ 07-11-2020 ਸਮਾਂ ਦੁਪਹਿਰ 12 ਵਜੇ ਤੋਂ ਮਿਤੀ 09-11-2020 ਦੁਪਹਿਰ 12 ਵਜੇ ਤੱਕ ਖੋਲ੍ਹਿਆ ਜਾ ਰਿਹਾ ਹੈ।

ਸਿੱਖਿਆ ਪ੍ਰੋਵਾਈਡਰ/ ਵਲੰਟੀਅਰ, ਪੋਰਟਲ ਤੇ ਦਰਸਾਏ ਕਾਲਮਾਂ ਵਿੱਚ ਹੇਠ ਲਿਖੇ ਅਨੁਸਾਰ ਵੇਰਵੇ ਜ਼ਰੂਰ ਦੇਣਗੇ:-

| | |
|---|---|
| 1. Are you Sikhya Provider/Volunteer working under SSA | Yes |
| **2. Are you exempted from PSTET (According to Notification dated 12-10-2020)** | No |
| 3. Date of appointment as Sikya Provider/Volunteer | 07-Nov-2020 |
| 4. Upload appointmet letter as Sikhya Provider/Volunteer | Browse... No file selected. **.PDF format only(Max 512kb)** |

ਲੜੀ ਨੰ: 1 ਵਿੱਚ, ਸਿੱਖਿਆ ਪ੍ਰੋਵਾਈਡਰ/ ਵਲੰਟੀਅਰ ਹੋਣ ਦੀ ਸੂਰਤ ਵਿੱਚ Yes ਭਰਿਆ ਜਾਵੇ।

ਲੜੀ ਨੰ: 2 ਵਿੱਚ, ਉਮੀਦਵਾਰ ਜੇਕਰ PSTET ਪਾਸ ਹੈ ਤਾਂ No ਭਰੇਗਾ ਅਤੇ ਜੇਕਰ PSTET ਪਾਸ ਨਹੀਂ ਹੈ ਤਾਂ ਜੇ ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿੱਖਿਆ-7 ਸ਼ਾਖਾ) ਦੀ ਨੋਟੀਫਿਕੇਸ਼ਨ ਨੰ: 1/88812/2020(4) ਮਿਤੀ 12-10-2020 ਅਨੁਸਾਰ ਛੋਟ ਲੈਣ ਲਈ ਯੋਗ ਹੈ ਤਾਂ Yes ਭਰੇਗਾ।

ਲੜੀ ਨੰ: 3 ਵਿੱਚ ਨਿਯੁਕਤੀ ਦੀ ਮਿਤੀ ਭਰੀ ਜਾਵੇ।

ਲੜੀ ਨੰ: 4 ਵਿੱਚ ਸਿੱਖਿਆ ਪ੍ਰੋਵਾਈਡਰ/ ਵਲੰਟੀਅਰ ਵਜੋਂ ਨਿਯੁਕਤੀ ਪੱਤਰ PDF format only (Max 512kb) ਅਪਲੋਡ ਕੀਤਾ ਜਾਵੇ।

05/11/2020
ਸਹਾਇਕ ਡਾਇਰੈਕਟਰ
ਸਿੱਖਿਆ ਭਰਤੀ ਡਾਇਰੈਕਟੋਰੇਟ